ਮਿਤੀ 19-02-2022

# ਪ੍ਰੈਸ ਨੋਟ

## ਜਿਲ੍ਹਾ ਫਿਰੋਜ਼ਪੁਰ ਪੁਲਿਸ ਵੱਲੋਂ ਕਸ਼ਮੀਰੀ ਨੌਜਵਾਨ ਦੇ ਅੰਨੇ ਕਤਲ ਦਾ 24 ਘੰਟੇ ਦੇ ਅੰਦਰ-ਅੰਦਰ ਪ੍ਰਦਾਫਾਸ਼ ਕਰਦੇ ਹੋਏ ਦੋਸ਼ੀਆਨ ਨੂੰ ਕਾਬੂ ਕੀਤਾ

ਅੱਜ ਮਿਤੀ 19-02-2022 ਨੂੰ ਡਾ. ਨਰਿੰਦਰ ਭਾਰਗਵ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ ਫਿਰੋਜ਼ਪੁਰ ਵੱਲੋ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਹੋਇਆ ਦੱਸਿਆ ਗਿਆ ਕਿ ਇੱਕ ਕਸ਼ਮੀਰੀ ਪ੍ਰਵਾਸੀ ਮੁਹੰਮਦ ਅਮੀਨ ਬੇਗ ਪੁੱਤਰ ਮੁਹੰਮਦ ਰੁਸਤਮ ਵਾਸੀ ਪਿੰਡ ਸਰਾਜਪੁਰਾ ਥਾਣਾ ਵੈਸਗਾਸ ਹੰਦਵਾਲਾ ਜਿਲਾ ਕੁਪਵਾੜਾ (ਜੰਮੂ ਕਸ਼ਮੀਰ) ਨੇ ਪੁਲਿਸ ਨੂੰ ਸੂਚਨਾ ਦਿੱਤੀ ਸੀ ਕਿ ਉਹ ਅਤੇ ਉਸਦੇ ਪਿੰਡ ਦੇ ਰਹਿਣ ਵਾਲੇ ਹੋਰ ਵਿਅਕਤੀ ਕਰੀਬ 20 ਸਾਲ ਤੋਂ ਫਿਰੋਜ਼ਪੁਰ ਸ਼ਹਿਰ ਵਿੱਚ ਆ ਕੇ ਗਰਮ ਕੱਪੜੇ ਵੇਚਣ ਦਾ ਕੰਮ ਕਰਦੇ ਹਨ। ਇਸ ਸਾਲ ਵੀ ਉਹ ਆਪਣੇ ਸਾਥੀਆ ਸਮੇਤ ਖਾਨੂੰ ਵਾਲੀ ਬਸਤੀ ਵਿਖੇ ਕਰਾਏ ਦਾ ਮਕਾਨ ਲੈ ਕੇ ਰਹਿ ਰਹੇ ਹਨ ਅਤੇ ਵੱਖ-2 ਪਿੰਡਾਂ ਵਿੱਚ ਸਾਈਕਲਾਂ ਪਰ ਫੇਰੀ ਲਗਾ ਕੇ ਗਰਮ ਕਪੜੇ ਵੇਚਣ ਦਾ ਕੰਮ ਕਰਦੇ ਹਨ। ਉਸਦੇ ਪਿੰਡ ਦਾ ਇੱਕ ਸਾਥੀ ਮੁਸਤਾਕ ਅਹਿਮਦ ਮੀਰ ਪੁੱਤਰ ਹਬੀਬੁਲਾ ਮੀਰ ਵਾਸੀ ਸਿਰਾਜ ਪੁਰਾ ਤਹਿ ਹਿੰਦਵਾੜਾ ਜਿਲਾ ਕੁਪਵਾੜਾ ਜੰਮੂ ਕਸ਼ਮੀਰ ਵੀ ਉਹਨਾਂ ਨਾਲ ਆਇਆ ਸੀ ਅਤੇ ਪਿੰਡਾਂ ਵਿੱਚ ਗਰਮ ਕਪੜੇ ਵੇਚਦਾ ਸੀ। ਉਹ ਅਤੇ ਉਸਦੇ ਸਾਥੀ ਰੋਜਾਨਾ ਸ਼ਾਮ ਕਰੀਬ 5/6 ਵਜੇ ਤੱਕ ਵਾਪਿਸ ਆ ਜਾਂਦੇ ਹਾਂ, ਪਰ ਮਿਤੀ 17-02-2022 ਨੂੰ ਮੁਸਤਾਕ ਅਹਿਮਦ ਮੀਰ ਉਕਤ ਵਾਪਸ ਨਾ ਆਇਆ, ਜਿਸ ਦਾ ਮੋਬਾਇਲ ਨੰਬਰ 91497-46999 ਵੀ ਬੰਦ ਆ ਰਿਹਾ ਸੀ। ਜਿਸ ਤੇ ਉਹਨਾਂ ਵੱਲੋਂ ਮੁਸਤਾਕ ਅਹਿਮਦ ਮੀਰ ਦੀ ਭਾਲ ਕੀਤੀ ਗਈ ਤਾਂ ਉਹਨਾਂ ਨੂੰ ਪਤਾ ਲੱਗਾ **ਫਿਰੋਜ਼ਪੁਰ ਤੋ ਮੱਲਾਂਵਾਲ ਨੂੰ ਜਾਂਦੀ ਸੜਕ ਤੋਂ ਪੈਂਦੇ ਟੀ-ਪੁਆਇੰਟ ਪੰਧੇਰੀ ਆਦਿ ਪਿੰਡ ਲਿੰਕ ਰੋਡ ਬੰਹਦ ਰਕਬਾ ਪਿੰਡ ਬਾਹਦਰ ਵਾਲਾ ਦੇ ਕਿਨਾਰੇ ਪਰ ਬੋਰੇ ਵਿੱਚ ਲਾਸ਼ ਪਈ** ਹੈ, ਜੋ ਕੱਢ ਕੇ ਦੇਖੀ ਤਾਂ ਇਹ ਲਾਸ਼ ਮੁਸਤਾਕ ਅਹਿਮਦ ਮੀਰ ਦੀ ਸੀ, ਜਿਸ ਦੇ ਮੂੰਹ ਵਿੱਚੋ ਖੂਨ ਨਿਕਲਿਆ ਹੋਇਆ ਸੀ। ਜਿਸ ਤੇ ਮੁੱਖ ਅਫਸਰ ਥਾਣਾ ਸਦਰ ਫਿਰੋਜ਼ਪੁਰ ਵੱਲੋ ਉਪਰੋਕਤ ਸੂਚਨਾਂ ਦੇ ਆਧਾਰ ਤੇ ਨਾਮਲੂਮ ਵਿਅਕਤੀਆ ਦੇ ਖਿਲਾਫ ਮੁਕੱਦਮਾ ਨੰਬਰ 36 ਮਿਤੀ 18-02-2022 ਅ/ਧ 302 ਭ:ਦ ਥਾਣਾ ਸਦਰ ਫਿਰੋਜ਼ਪੁਰ ਦਰਜ ਰਜਿਸਟਰ ਕੀਤਾ ਗਿਆ। ਜੋ ਇਸ ਮੁਕੱਦਮਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਮੁਕੱਦਮਾ ਨੂੰ ਟਰੇਸ ਕਰਨ ਲਈ ਸ੍ਰੀ ਮਨਵਿੰਦਰ ਸਿੰਘ ਕਪਤਾਨ ਪੁਲਿਸ (ਇੰਨਵ:) ਫਿਰੋਜ਼ਪੁਰ ਦੀ ਪ੍ਰਧਾਨਗੀ ਹੇਠ ਸ੍ਰੀ ਜਗਦੀਸ਼ ਕੁਮਾਰ ਉਪ ਕਪਤਾਨ ਪੁਲਿਸ (ਇੰਨਵ:) ਫਿਰੋਜ਼ਪੁਰ ਅਤੇ ਇੰਸਪੈਕਟਰ ਜਗਦੀਸ਼ ਕੁਮਾਰ ਇੰਚਾਰਜ ਸੀ.ਆਈ.ਏ ਸਟਾਫ ਫਿਰੋਜ਼ਪੁਰ ਦੀ ਇੱਕ ਟੀਮ ਗਠਿਤ ਕੀਤੀ ਗਈ ।

ਜੋ ਗਠਿਤ ਕੀਤੀ ਗਈ ਟੀਮ ਵੱਲੋਂ ਨਾਮਲੂਮ ਦੋਸ਼ੀਆਨ ਨੂੰ ਟਰੇਸ ਕਰਨ ਲਈ ਵੱਖ-ਵੱਖ ਟੀਮਾਂ ਬਣਾ ਕੇ ਖੁਫੀਆ ਤੌਰ ਤੇ ਜਾਂਚ ਕੀਤੀ ਗਈ ਅਤੇ ਟੈਕਨੀਕਲ, ਸਾਇੰਟੀਫਿਕ ਤਰੀਕਿਆਂ ਅਤੇ ਹੋਰਨਾਂ ਸੋਰਸਾਂ ਦੀ ਮਦਦ ਨਾਲ ਤਫਤੀਸ਼ ਨੂੰ ਅੱਗੇ ਵਧਾਇਆ ਗਿਆ। ਇਸ ਟੀਮ ਦੀਆ ਕੋਸ਼ਿਸ਼ਾ ਸਦਕਾ ਇਸ ਅੰਨੇ ਕਤਲ ਦੇ ਦੋਸ਼ੀਆਨ ਨੂੰ 24 ਘੰਟੇ ਦੇ ਅੰਦਰ ਟਰੇਸ ਕਰਨ ਵਿੱਚ ਸਫਲਤਾ ਮਿਲੀ ਹੈ ਅਤੇ ਗੁਪਤ ਸੂਚਨਾਂ ਦੇ ਆਧਾਰ ਤੇ ਇਸ ਮੁਕੱਦਮਾ ਵਿੱਚ ਦੋਸ਼ੀਆਨ ਸੋਨੂੰ ਪੁੱਤਰ ਜੀਤਾ ਸਿੰਘ ਵਾਸੀ ਪਿੰਡ ਆਰਿਫ ਕੇ ਹਾਲ ਵਾਸੀ ਪਿੰਡ ਸੋਢੇ ਵਾਲਾ ਥਾਣਾ ਸਦਰ ਫਿਰੋਜ਼ਪੁਰ ਅਤੇ ਬੇਅੰਤ ਕੋਰ ਪਤਨੀ ਮਾਨ ਸਿੰਘ ਵਾਸੀ ਆਰਿਫ ਕੇ ਹਾਲ ਵਾਸੀ ਪਿੰਡ ਸੋਢੇ ਵਾਲਾ ਥਾਣਾ ਸਦਰ ਫਿਰੋਜ਼ਪੁਰ ਨੂੰ **ਅੱਜ ਰੇਲਵੇ ਸਟੇਸ਼ਨ ਫਿਰੋਜ਼ਪੁਰ ਕੈਂਟ** ਪਾਸ ਸਮੇਤ ਵਾਰਦਾਤ ਵਿੱਚ ਵਰਤੇ ਗਏ ਮੋਟਰ ਸਾਈਕਲ ਨੰਬਰ ਪੀ.ਬੀ-66-ਏ-4699 ਗ੍ਰਿਫਤਾਰ ਕੀਤਾ ਗਿਆ। ਦੋਸ਼ੀਆਨ ਪਾਸੋਂ ਸਖਤੀ ਨਾਲ ਪੁੱਛਗਿੱਛ ਕਰਨ ਤੇ ਸਾਹਮਣੇ ਆਇਆ ਕਿ ਸੋਨੂੰ ਪੁੱਤਰ ਜੀਤਾ ਸਿੰਘ ਵਾਸੀ ਪਿੰਡ ਆਰਿਫ ਕੇ ਹਾਲ ਵਾਸੀ ਪਿੰਡ ਸੋਢੇ ਵਾਲਾ ਥਾਣਾ ਸਦਰ ਫਿਰੋਜ਼ਪੁਰ ਅਤੇ ਬੇਅੰਤ ਕੋਰ ਪਤਨੀ ਮਾਨ ਸਿੰਘ ਵਾਸੀ ਆਰਿਫ ਕੇ ਹਾਲ ਵਾਸੀ ਪਿੰਡ ਸੋਢੇ ਵਾਲਾ ਥਾਣਾ ਸਦਰ ਫਿਰੋਜ਼ਪੁਰ ਜੋ ਦੋਵੇ ਜਾਣੇ ਪਿੰਡ ਸੋਢੇ ਵਾਲਾ ਵਿਖੇ ਇੱਕਠੇ ਰਹਿੰਦੇ ਹਨ ਅਤੇ ਮ੍ਰਿਤਕ ਮੁਸ਼ਤਾਕ ਅਹਿਮਦ ਮੀਰ ਦਾ ਇਹਨਾ ਦੇ ਘਰ ਕਪੜੇ ਵੇਚਣ ਦੇ ਸਬੰਧ ਵਿੱਚ ਆਉਣਾ ਜਾਉਣਾ ਸੀ ਜੋ ਇਹਨਾ ਦਾ ਕਪੜਿਆ ਦੇ ਪੈਸਿਆ ਦੇ ਲੈਣ ਦੇਣ ਸਬੰਧੀ ਆਪਸ ਵਿੱਚ ਤਕਰਾਰ ਹੋ ਗਈ ਸੀ। ਬੇਅੰਤ ਕੋਰ ਨੇ ਮੁਸ਼ਤਾਕ ਅਹਿਮਦ ਮੀਰ ਦੇ 4800 ਰੁਪਏ ਦੇਣੇ ਸਨ, ਮੁਸ਼ਤਾਕ ਅਹਿਮਦ ਮੀਰ ਨੇ ਪੈਸੇ ਨਾ ਦੇਣ ਦੀ ਸੂਰਤ ਵਿੱਚ ਉਹਨਾਂ ਦਾ ਸਮਾਨ ਚੁੱਕ ਕੇ ਲੈ ਜਾਣ ਦੀ ਧਮਕੀ ਦਿੱਤੀ ਸੀ ਅਤੇ ਗਲਤ ਬੋਲਿਆ ਸੀ। ਜਿਸ ਦੇ ਚੱਲਦਿਆ ਦੋਸ਼ੀਆਨ ਨੇ ਮਨ ਵਿੱਚ ਇਹ ਗੱਲ ਰੱਖ ਕੇ ਧੋਖੇ ਨਾਲ ਪੈਸੇ ਦੇਣ ਦੇ ਬਹਾਨੇ ਮੁਸ਼ਤਾਕ ਅਹਿਮਦ ਮੀਰ ਨੂੰ ਮਿਤੀ 17-02-2022 ਨੂੰ ਆਪਣੇ ਘਰ ਬੁਲਾਇਆ ਅਤੇ ਕਮਰੇ ਵਿੱਚ ਬਿਠਾ ਲਿਆ ਅਤੇ ਧੋਖੇ ਨਾਲ ਗਲ ਵਿੱਚ ਕੱਪੜਾ ਪਾ ਕੇ ਗੱਲਾ ਘੁੱਟ ਕੇ ਮਾਰ ਦਿੱਤਾ ਅਤੇ ਲਾਸ਼ ਨੂੰ ਉਸੇ ਕਮਰੇ ਵਿੱਚ ਮੰਜੇ ਥੱਲੇ ਲੁਕਾ ਦਿੱਤਾ ਅਤੇ ਕਮਰੇ ਨੂੰ ਜਿੰਦਰਾ ਲਗਾ ਦਿੱਤਾ। ਫਿਰ ਰਾਤ ਨੂੰ ਲਾਸ਼ ਨੂੰ ਬੋਰੇ ਵਿੱਚ ਪਾਕੇ ਆਪਣੇ ਮੋਟਰ ਸਾਈਕਲ ਤੇ ਲੱਦ ਕੇ ਪਿੰਡ ਪੰਧੇਰੀ ਨੂੰ ਜਾਂਦੇ ਹੋਏ ਲਿੰਕ ਰੋਡ ਬਾਹੱਦ ਪਿੰਡ ਬਹਾਦਰ ਵਾਲਾ ਵਿਖੇ ਖੇਤਾ ਵਿੱਚ ਸੁੱਟ ਦਿੱਤੀ ਸੀ। ਮ੍ਰਿਤਕ ਦਾ ਇੱਕ ਪਰਸ ਜਿਸ ਵਿੱਚ ਉਸਦੀ ਫੋਟੋ ਅਤੇ ਜੰਮੂ ਕਸ਼ਮੀਰ ਦੇ ਕਾਗਜਾਤ ਅਤੇ 1500 ਰੁਪਏ ਅਤੇ ਮੁਸਤਾਕ ਅਹਿਮਦ ਮੀਰ ਦਾ ਸਾਈਕਲ ਇਹਨਾ ਦੀ ਨਿਸ਼ਾਨ ਦੇਹੀ ਤੇ ਦੋਸ਼ੀਆਨ ਦੇ ਘਰ ਵਿੱਚੋਂ ਬ੍ਰਾਮਦ ਕੀਤੇ ਜਾ ਚੁੱਕੇ ਹਨ। ਇਸ ਤਰਾਂ ਦੋਸ਼ੀਆ ਵੱਲੋਂ ਮੁਸਤਾਕ ਅਹਿਮਦ ਮੀਰ ਦੇ ਉਧਾਰ ਪੈਸੇ ਵਾਪਿਸ ਨਾ ਕਰਨ ਦੀ ਨਿਯਤ ਨਾਲ ਅਤੇ ਉਸ ਵੱਲੋ ਕੀਤੀ ਉਗਰਾਹੀ ਨੂੰ ਹੜਪਨ ਦੀ ਨਿਯਤ ਨਾਲ ਮੁਸਤਾਕ ਅਹਿਮਦ ਮੀਰ ਦਾ ਮਿਲ ਕੇ ਕਤਲ ਕਰ ਦਿੱਤਾ। ਦੋਸ਼ੀਆ ਨੂੰ ਕੱਲ ਮਿਤੀ 20-02-2022 ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਿਲ ਕੀਤਾ ਜਾਵੇਗਾ ਅਤੇ ਦੋਸ਼ੀਆ ਪਾਸੋ ਮਜੀਦ ਪੁੱਛਗਿੱਛ ਕੀਤੀ ਜਾਵੇਗੀ, ਜਿਸ ਤੋਂ ਹੋਰ ਖੁਲਾਸੇ ਹੋਣ ਦੀ ਆਸ ਹੈ।

# ਮੁਕੱਦਮਾ ਨੰਬਰ 36 ਮਿਤੀ 18-02-2022 ਅ/ਧ 302 ਭ:ਦ ਥਾਣਾ ਸਦਰ ਫਿਰੋਜ਼ਪੁਰ

**ਮੁੱਦਈ :** ਮੁਹੰਮਦ ਅਮੀਨ ਬੇਗ ਪੁੱਤਰ ਮੁਹੰਮਦ ਰੁਸਤਮ ਵਾਸੀ ਪਿੰਡ ਸਰਾਜਪੁਰਾ ਥਾਣਾ ਵੈਸਗਾਸ ਹੰਦਵਾਲਾ ਜਿਲਾ ਕਪਵਾੜਾ (ਜੰਮੂ ਕਸ਼ਮੀਰ)

**ਮਕਤੂਲ :** ਮੁਸ਼ਤਾਕ ਅਹਿਮਦ ਮੀਰ ਪੁੱਤਰ ਹਬੀਬੁਲਾ ਮੀਰ ਵਾਸੀ ਸਿਰਾਜ ਪੁਰਾ ਤਹਿ ਹਿੰਦਵਾੜਾ ਜਿਲਾ ਕੁਪਵਾੜਾ ਜੰਮੂ ਕਸ਼ਮੀਰ। (ਉਮਰ ਕਰੀਬ 37 ਸਾਲ)

**ਦੋਸ਼ੀਆਨ :-**

1. ਸੋਨੂੰ ਪੁੱਤਰ ਜੀਤਾ ਸਿੰਘ ਵਾਸੀ ਪਿੰਡ ਆਰਿਫ ਕੇ ਹਾਲ ਵਾਸੀ ਪਿੰਡ ਸੋਢੇ ਵਾਲਾ ਥਾਣਾ ਸਦਰ ਫਿਰੋਜਪੁਰ।
2. ਬੇਅੰਤ ਕੋਰ ਪਤਨੀ ਮਾਨ ਸਿੰਘ ਵਾਸੀ ਆਰਿਫ ਕੇ ਹਾਲ ਵਾਸੀ ਪਿੰਡ ਸੋਢੇ ਵਾਲਾ ਥਾਣਾ ਸਦਰ ਫਿਰੋਜਪੁਰ।

**ਤਰੀਕ ਗ੍ਰਿਫਤਾਰੀ :-** 19-02-2022

**ਬ੍ਰਾਮਦਗੀ :-**

1. ਵਾਰਦਾਤ ਸਮੇ ਵਰਤਿਆ ਗਿਆ ਮੋਟਰ ਸਾਈਕਲ ਨੰਬਰ ਪੀ.ਬੀ-66-ਏ 4699 ਬਜਾਜ ਪਲਟੀਨਾ
2. ਮ੍ਰਿਤਕ ਮੁਸ਼ਤਾਕ ਅਹਿਮਦ ਦਾ ਸਾਈਕਲ ,ਪਰਸ ਸਮੇਤ ਨਗਦੀ, ਕਾਗਜਤ ਅਤੇ ਅਧਾਰ ਕਾਰਡ ਦੀ ਫੋਟੋ ਕਾਪੀ